ਅੱਜ ਦੀ ਆਵਾਜ਼



# ਸੰਤ ਢੱਡਰੀਆਂ ਵਾਲਿਆਂ ਦੇ ਦੀਵਾਨ 10 ਫਰਵਰੀ ਤੋਂ

## ਅੰਮ੍ਰਿਤ ਸੰਚਾਰ ਸਬੰਧੀ ਸਿੱਖ ਜਥੇਬੰਦੀਆਂ ਦੀ ਪਿੰਡ ਨੌਰਾ 'ਚ ਮੀਟਿੰਗ



ਬੰਗਾ, 5 ਫਰਵਰੀ (ਰਾਜ ਮਜਾਰੀ)-ਨਿਰਮਲੇ ਸੰਤ ਬਾਬਾ ਘਨੱਯਾ ਸਿੰਘ ਜੀ ਪਠਲਾਵੇ ਵਾਲੇ ਅਤੇ ਕਾਰ ਸੇਵਾ ਵਾਲੇ ਸੰਤ ਬਾਬਾ ਸੇਵਾ ਸਿੰਘ ਜੀ ਨੌਰਾ ਵਾਲਿਆਂ ਦੀ ਮਿੱਠੀ-ਨਿੱਘੀ ਯਾਦ ਨੂੰ ਸਮਰਪਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਇਤਿਹਾਸਕ ਪਿੰਡ ਨੌਰਾ ਵਿਖੇ ਜੋ 10, 11 ਅਤੇ 12 ਮਾਰਚ ਨੂੰ ਸੰਤ ਬਾਬਾ ਰਣਜੀਤ ਸਿੰਘ ਜੀ ਢੱਡਰੀਆਂ ਵਾਲਿਆਂ ਵੱਲੋਂ ਦੀਵਾਨ ਸਜਾਏ ਅਤੇ ਅੰਮ੍ਰਿਤ ਸੰਚਾਰ ਕੀਤੇ ਜਾ ਰਹੇ ਹਨ, ਸੰਬੰਧੀ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਇੱਕ ਭਾਰੀ ਮੀਟਿੰਗ ਗੁਰਦੁਆਰਾ ਦੇਹਰਾ ਬਾਬਾ ਗੁਲਾਬ ਸਿੰਘ ਵਿਖੇ ਹੋਈ। ਜਿਸ ਵਿੱਚ ਸੰਤ ਬਾਬਾ ਲਾਭ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਕਲਗੀਧਰ ਮਿਸ਼ਨ ਚੈਰੀਟੇਬਲ ਟਰੱਸਟ, ਕਲਗੀਧਰ ਸੇਵਕ ਜਥਾ ਨੌਰਾ, ਕਾਹਮਾ ਲਧਾਣਾ ਉੱਚਾ, ਕੋਟ ਪਲੀਆਂ ਤੋਂ ਗੁ. ਦਮਦਮੀ ਟਕਸਾਲ ਅਤੇ ਹੋਰ ਇਲਾਕਾ ਨਿਵਾਸੀਆਂ ਨੇ ਭਾਗ ਲਿਆ। ਇਸ ਮੌਕੇ ਜਥੇਬੰਦੀਆਂ ਦੇ ਬੁਲਾਰੇ ਜਥੇ. ਕਰਤਾਰ ਸਿੰਘ ਨੌਰਾ ਨੇ ਦੱਸਿਆ ਕਿ ਇਹ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਬੰਧੀ ਸਮੂਹ ਇਲਾਕੇ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਪਿੰਡਾਂ ਦੇ ਨਿਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਕਰਾਇਆ ਜਾ ਰਿਹਾ ਹੈ। ਜਿਸਦੀ ਅਗਵਾਈ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸੰਤ ਬਾਬਾ ਭਾਗ ਸਿੰਘ ਜੀ ਕਜਲੇ ਵਾਲੇ, ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਸੰਤ ਬਾਬਾ ਜਗਤਾਰ ਸਿੰਘ ਜੀ ਪਨਿਆਲੀ ਵਾਲੇ, ਸੰਤ ਬਾਬਾ ਹਰਜਿੰਦਰ ਸਿੰਘ ਜੀ ਬਲਾਚੌਰ ਵਾਲੇ, ਸਵਾਮੀ ਸ਼ੰਕਰਾਨੰਦ ਪਰਬਤ ਪੱਦੀ ਮੱਠ ਵਾਲੀ ਵਾਲੇ, ਸੰਤ ਬਾਬਾ ਸੁੱਚਾ ਸਿੰਘ ਅਟਾਰੀ ਵਾਲੇ ਅਤੇ ਸੰਤ ਬਾਬਾ ਸੋਹਣ ਸਿੰਘ ਖੇੜੇ ਵਾਲੇ ਕਰ ਰਹੇ ਹਨ। ਇਸ ਮੀਟਿੰਗ ਵਿੱਚ ਸਤਵਿੰਦਰ ਸਿੰਘ ਨੌਰਾ, ਜਥੇਦਾਰ ਪ੍ਰਭਦਿਆਲ ਸਿੰਘ ਦਮਦਮੀ ਟਕਸਾਲ ਕੋਟ ਪਲੀਆਂ ਵਾਲੇ, ਸੁੱਚਾ ਸਿੰਘ ਨੌਰਾ, ਭਾਈ ਜਸਵਿੰਦਰ ਸਿੰਘ ਕਾਹਮਾ, ਹਰਮਿੰਦਰ ਸਿੰਘ ਪਠਲਾਵਾ, ਸੁਰਜੀਤ ਸਿੰਘ ਘੁੰਮਣਾ, ਜਸਵੀਰ ਸਿੰਘ ਝਿੱਕਾ, ਰਜਿੰਦਰਪਾਲ ਸਿੰਘ ਨਵਾਂ ਸ਼ਹਿਰ, ਹਰਮਿੰਦਰ ਸਿੰਘ ਰਸੂਲਪੁਰ, ਬਿਸ਼ਨ ਸਿੰਘ ਬੈਂਸਾਂ, ਮਨਜੀਤ ਸਿੰਘ ਡਘਾਮ, ਗੁਰਨਾਮ ਸਿੰਘ ਪੱਲੀ ਉੱਚੀ, ਸੁਖਵਿੰਦਰ ਸਿੰਘ ਨਡਾਲੋਂ, ਗੁਰਦੀਪ ਸਿੰਘ ਭਰੋਲੀ, ਦਵਿੰਦਰ ਸਿੰਘ ਨੌਰਾ, ਰਣਜੀਤ ਸਿੰਘ ਨੌਰਾ, ਹਰਭਜਨ ਸਿੰਘ ਮੱਲਪੁਰ, ਅਜਮੇਰ ਸਿੰਘ ਭੀਣ, ਹਰਜਿੰਦਰ ਸਿੰਘ, ਸਤਨਾਮ ਸਿੰਘ, ਕਰਨੈਲ ਸਿੰਘ ਬਿੰਜੋਂ, ਹਰਭਜਨ ਸਿੰਘ ਮਾਹਿਲ ਗਹਿਲਾ, ਸਰਵਣ ਸਿੰਘ ਗਰੰਥੀ, ਸ੍ਰ. ਸੁਖਦੀਪ ਸਿੰਘ ਨੌਰਾ, ਸ੍ਰ. ਸ਼ਵਿੰਦਰ ਸਿੰਘ ਮਾਹਿਲ ਗਹਿਲਾ, ਸੁਰਿੰਦਰ ਲਧਾਣਾ ਉੱਚਾ ਆਦਿ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਚੁਪ ਚੁਪੀਤੇ ਵਧਾਏ ਬੱਸ ਕਿਰਾਏ ਤੋਂ ਜਨਤਾ ਪ੍ਰੇਸ਼ਾਨ

ਸਰਦੂਲਗੜ੍ਹ, 5 ਫਰਵਰੀ (ਝੰਡਾ)-ਪੰਜਾਬ ਸਰਕਾਰ ਵੱਲੋਂ ਚੁਪ ਚੁਪੀਤੇ ਬੱਸਾਂ ਦੇ ਵੱਧ ਕਿਰਾਏ ਤੇ ਆਮ ਜਨਤਾ ਬਹੁਤ ਪ੍ਰੇਸ਼ਾਨ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਇੱਕ ਪਾਸੇ ਤਾਂ ਜ਼ਰੂਰੀ ਵਸਤੂਆਂ ਦੇ ਭਾਅ ਅਸਮਾਨੀਂ ਚੜ੍ਹਦੇ ਜਾ ਰਹੇ ਹਨ ਅਤੇ ਦਵਾਈਆਂ ਆਦਿ ਵੀ ਮਹਿੰਗੀਆਂ ਮਿਲ ਰਹੀਆਂ ਹਨ। ਗਰੀਬ ਜਨਤਾ ਤਾਂ ਪਹਿਲਾਂ ਹੀ ਪ੍ਰੇਸ਼ਾਨ ਸੀ। ਪਰ ਵਧਾਏ ਗਏ ਕਿਰਾਏ ਕਾਰਨ ਆਮ ਲੋਕ ਬਹੁਤ ਹੀ ਪ੍ਰੇਸ਼ਾਨ ਹੋ ਚੁੱਕੇ ਹਨ। ਵਧਾਏ ਗਏ ਕਿਰਾਏ ਦਾ ਅਨੁਪਾਤ ਵੀ ਬਹੁਤ ਹੈ। ਜਿਵੇਂ ਕਿ ਆਮ ਗਰੀਬ ਵਰਗ ਨੇੜੇ ਤੇੜੇ ਰਿਸ਼ਤੇਦਾਰੀਆਂ ਵਿੱਚ ਅਕਸਰ ਹੀ ਜਾਂਦੇ ਰਹਿੰਦੇ ਹਨ ਅਤੇ ਦੂਰ ਦਾ ਸਫਰ ਤਾਂ ਘੱਟ ਹੀ ਕਰਦੇ ਹਨ, ਪ੍ਰੰਤੂ 10 ਕਿਲੋਮੀਟਰ ਤੋਂ 25 ਕਿਲੋਮੀਟਰ ਤੱਕ ਦਾ ਕਿਰਾਇਆ ਵੱਧ ਵਸੂਲਿਆਂ ਜਾ ਰਿਹਾ ਹੈ। ਆਮ ਲੋਕਾਂ ਦੀ ਪੰਜਾਬ ਸਰਕਾਰ ਤੋਂ ਮੰਗ ਹੈ ਕਿ 30 ਕਿਲੋਮੀਟਰ ਸਫਰ ਤੱਕ ਕਿਰਾਇਆ ਨਾ ਵਧਾਇਆ ਜਾਵੇ ਤਾਂ ਜੋ ਗਰੀਬ ਲੋਕਾਂ ਉਪਰ ਹੋਰ ਬੋਝ ਨਾ ਪੈਣ।

# ਮਹਿਲਾ ਵਿੰਗ ਨੇ ਕੱਢੀ ਵਿਸ਼ਾਲ ਜਾਗਰੂਕਤਾ ਰੈਲੀ

## ਹੋਰਨਾ ਸਮਾਜਿਕ ਸੰਸਥਾਵਾਂ ਵੀ ਬੁਰਾਈਆਂ ਦੇ ਖਾਤਮੇ ਲਈ ਅੱਗੇ ਆਉਣ-ਜਸਵੀਰ ਕੌਰ

ਮੁਕਤਸਰ, 4 ਫਰਵਰੀ(ਸੁਰੇਸ਼ ਗਰਗ)-ਸਮਾਜ ਅੰਦਰ ਦਿਨੋ-ਦਿਨ ਵੱਧ ਰਹੀਆਂ ਸਮਾਜਿਕ ਬੁਰਾਈਆਂ ਨੂੰ ਜੜੋਂ ਖਤਮ ਕਰਨ ਲਈ ਆਲ ਇੰਡੀਆਂ ਯੂਥ ਵੈਲਫੇਅਰ ਫੈਡਰੇਸ਼ਨ ਮਹਿਲਾ ਵਿੰਗ ਵੱਲੋਂ ਪਿੰਡਾਂ ਸ਼ਹਿਰਾਂ ਵਿਚ ਜੰਗੀ ਪੱਧਰ ਤੇ ਰੈਲੀਆ ਕੀਤੀਆਂ ਜਾ ਰਹੀਆਂ ਹਨ। ਉਸ ਦੇ ਤਹਿਤ ਅੱਜ ਇਥੋਂ ਨਜ਼ਦੀਕੀ ਪਿੰਡ ਵਧਾਈਆ ਵਿਖੇ ਇੱਕ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਨੂੰ ਪਿੰਡ ਦੇ ਸਾਬਕਾ ਸਰਪੰਚ ਨੈਬ ਸਿੰਘ ਦੀ ਨਹੂੰ ਅਤੇ ਮੈਂਬਰ ਪੰਚਾਇਤ ਸ੍ਰੀਮਤੀ ਜਸਵੀਰ ਕੌਰ ਪਤਨੀ ਕੁਲਦੀਪ ਸਿੰਘ, ਮੀਨੂੰ ਬਠਿੰਡਾ, ਸੀਮਾ ਗਰੋਵਰ, ਸੀਮਾ ਬਠਿੰਡਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਮੈਂਬਰ ਪੰਚਾਇਤ ਜਸਵੀਰ ਕੌਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸਮਾਜਿਕ ਬੁਰਾਈਆਂ ਜਿਵੇਂ ਕੰਨਿਆਂ ਭਰੂਣ ਹੱਤਿਆ, ਸਮਾਜ ਵਿਚ ਵਧ ਰਹੇ ਨਸ਼ਿਆਂ ਨੂੰ ਰੋਕਣਾ, ਵੇਸਵਾਵਾ, ਖੁਸਰਿਆਂ ਦੀ ਭਲਾਈ, ਸਮਾਜ ਦੀ ਮੁੱਖ ਧਾਰਾ 'ਚ ਲਿਆਉਂਣ ਅਤੇ ਉਹਨਾ ਦੇ ਮੁੜ ਵਸੇਬੇ ਲਈ ਯੂਥ ਵੈਲਫੇਅਰ ਫੈਡਰੇਸ਼ਨ ਮਹਿਲਾ ਵਿੰਗ ਨੇ ਜੋ ਇਹ ਬੀੜਾ ਚੁੱਕਿਆ ਹੈ, ਇਹ ਇਕ ਸ਼ਲਾਘਾਯੋਗ ਕਦਮ ਹੈ। ਨਸ਼ੇ ਸਾਡੇ ਸਮਾਜ ਨੂੰ ਘੁੱਣ ਵਾਂਗ ਖਾ ਰਹੇ ਹਨ, ਇਹਨਾ ਦੀ ਰੋਕਥਾਮ ਅਜੋਕੇ ਸਮੇ ਦੀ ਮੁੱਖ ਮੰਗ ਹੈ ਤੇ ਬੁਰਾਈਆਂ ਦੇ ਖਾਤਮੇ ਲਈ ਹੋਰਨਾਂ ਸਮਾਜਿਕ ਸੰਸਥਾਵਾਂ ਨੂੰ ਵੀ ਅੱਗੇ ਵੱਧ ਆਉਂਣਾ ਚਾਹੀਦਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਮੀਨੂੰ ਬਠਿੰਡਾ ਨੇ ਕਿਹਾ ਕਿ ਅਸੀ ਪਿੰਡ ਪਿੰਡ, ਸ਼ਹਿਰ ਸ਼ਹਿਰ ਜਾ ਕੇ ਲੋਕਾਂ ਨੂੰ ਸੁਚੇਤ ਕਰਾਂਗੇ ਤਾਂ ਜੋ ਇੱਕ ਸਿਹਤਮੰਦ ਸਮਾਜ ਦੀ ਸਿਰਜਨਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਨਸ਼ੇ ਦੇ ਸੌਦਾਗਰ ਘਰਾਂ ਦੇ ਘਰ ਉਜਾੜ ਰਹੇ ਹਨ ਤੇ ਅੱਜ ਦੀ ਨੌਜਵਾਨ ਪੀੜੀ ਨਸ਼ਿਆਂ ਦੇ ਛੇਵੇਂ ਦਰਿਆਂ ਰੂਪੀ ਵਹਿਣ ਵਿਚ ਪੂਰੀ ਤਰ੍ਹਾ ਡੁੱਬਦੀ ਜਾ ਰਹੀ ਹੈ। ਇਸ ਮੌਕੇ ਸੀਮਾ ਗਰੋਵਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਰੂਣ ਹੱਤਿਆ ਕਾਰਨ ਪੰਜਾਬ 'ਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਘਟਦੀ ਜਾ ਰਹੀ ਹੈ, ਜੋਂ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾ ਕਿਹ ਕਿ ਨਸ਼ਿਆਂ ਤੇ ਹੋਰਨਾਂ ਬੁਰਾਈਆਂ ਨੂੰ ਖਤਮ ਕਰਨ ਲਈ ਸਾਰੇ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਤਾਂ ਜੋ ਇੱਕ ਸਾਫ਼ ਸੁਥਰਾ ਅਤੇ ਸਿਹਤਮੰਦ ਸਮਾਜ ਦੀ ਸਿਰਜਨਾ ਕੀਤੀ ਜਾ ਸਕੇ। ਇਸ ਮੌਕੇ ਸੀਮਾ ਬਠਿੰਡਾ ਨੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਔਰਤਾਂ ਨੂੰ ਵਿਸ਼ੇਸ ਤੌਰ ਤੇ ਅੱਗੇ ਆਉਂਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਹੀ ਦੇਸ਼, ਕੌਮ ਜਾਂ ਸਮਾਜ ਦਾ ਸਰਮਾਇਆ ਹੁੰਦੀ ਹੈ ਤੇ ਨੌਜਵਾਨ ਪੀੜ੍ਹੀ ਦੇ ਉਪਰਾਲਿਆਂ ਸਦਕਾ ਹੀ ਕੋਈ ਵੀ ਦੇਸ਼ ਕੌਮ ਜਾਂ ਸਮਾਜ ਤਰੱਕੀ ਸੰਭਵ ਹੈ। ਇਸ ਮੌਕੇ ਮਹਿਲਾਂ ਵਿੰਗ ਵੱਲੋਂ ਬੁਰਾਈਆਂ ਖਿਲਾਫ਼ ਨਾਅਰੇ ਲਗਾ ਕੇ ਹੱਥਾਂ ਵਿਚ ਬੈਨਰ ਤੇ ਤਖਤੀਆਂ ਫੜ ਕੇ ਲੋਕਾਂ ਨੂੰ ਜਾਗਰੂਕ ਕਰਦਿਆਂ ਅਸਮਾਨ ਗੂੰਜਾ ਦਿੱਤਾ। ਆਲ ਇੰਡੀਆਂ ਯੂਥ ਵੈਲਫੇਅਰ ਫੈਡਰੇਸ਼ਨ ਵੱਲੋਂ ਕੀਮੇ ਗਏ ਉਪਰਾਲੇ ਦੀ ਪਿੰਡ ਵਾਸੀਆਂ ਤੇ ਆਸ ਪਾਸ ਪਿੰਡਾਂ ਦੇ ਲੋਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਇਸ ਸਮੇਂ ਸੀਮਾ ਗੁਰ, ਜਸਵੰਤ ਕੌਰ, ਮੀਨੂੰ ਕਸ਼ਿਅਪ, ਮੋਨਿਕਾ ਸ਼ਰਮਾ, ਕੁਲਵਿੰਦਰ ਕੌਰ, ਸਿਮਰਨ ਕੌਰ, ਪ੍ਰਵੀਨ ਕੌਰ, ਸ਼ਸ਼ੀ, ਸਰੋਜ ਰਾਣੀ, ਕੁਲਦੀਪ ਕੌਰ, ਚਰਨਜੀਤ ਕੌਰ, ਕਿਰਨ, ਪ੍ਰਵੀਨ, ਸੁਦੇਸ਼ ਰਾਣੀ, ਹਰਪਾਲ ਕੌਰ, ਦਰਸ਼ਨਾ ਰਾਣੀ, ਆਸ਼ਾ ਰਾਣੀ, ਗੁਰਮੇਲ ਕੌਰ, ਬੀਨਾ, ਹਰਮਨ, ਸੋਨੀਆ, ਗੁਰਜੀਤ ਕੌਰ ਤੇ ਰਾਜ ਰਾਣੀ, ਹਰਜਿੰਦਰ ਸਿੰਘ ਪੱਪਾ, ਸੁਰਿੰਦਰ ਕੁਮਾਰ, ਭੰਗੀਦਾਸ ਗੁਰਦੀਪ ਸਿੰਘ, ਪ੍ਰਿਤਪਾਲ ਸਿੰਘ , ਦਰਸ਼ਨ ਸਿੰਘ, ਗੁਰਮੀਤ ਸਿੰਘ, ਬਲਰਾਜ ਸਿੰਘ, ਦਰਸ਼ਨ ਸਿੰਘ, ਰਮੇਸ਼ ਕੁਮਾਰ ਮੁਕਤਸਰ ਅਤੇ ਬਲਦੇਵ ਸਿੰਘ ਤੋਂ ਇਲਾਵਾਂ ਭਾਰੀ ਗਿਣਤੀ ਵਿਚ ਮਹਿਲਾ ਵਿੰਗ ਦੀਆਂ ਜੁੰਮੇਵਾਰ ਭੈਣਾਂ ਤੇ ਆਸ ਪਾਸ ਪਿੰਡਾਂ ਦੀ ਸਾਧ ਸੰਗਤ ਆਦਿ ਹਾਜ਼ਰ ਸੀ।




ਪਿੰਡ ਵਧਾਈਆ ਵਿਖੇ ਯੂਥ ਵੈਲਫੇਅਰ ਫੈਡਰੇਸ਼ਨ ਮਹਿਲਾ ਵਿੰਗ ਵੱਲੋਂ ਕੱਢੀ ਜਾ ਰਹੀ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦੇ ਹੋਏ ਮੈਂਬਰ ਪੰਚਾਇਤ ਸ੍ਰੀਮਤੀ ਜਸਵੀਰ ਕੌਰ, ਦੂਸਰੀ ਤਸਵੀਰ ਵਿੱਚ ਰੈਲੀ ਦਾ ਦ੍ਰਿਸ਼।

# ਵਿਸ਼ਪ ਕੱਪ ਕ੍ਰਿਕਟ 'ਚ ਭਾਰਤ ਲਈ ਚੁਣੌਤੀ

ਹੁਸ਼ਿਆਰਪੁਰ, 5 ਫਰਵਰੀ (ਕੁਲਦੀਪ ਸਿੰਘ ਪੱਟੀ)-ਤੀਜਾ ਟਵੰਟੀ-20 ਵਿਸ਼ਵ ਕ੍ਰਿਕਟ ਕੱਪ 2010 ਮਈ ਮਹੀਨੇ ਵਿਸ਼ਵ ਇੰਡੀਜ਼ ਵਿਖੇ ਹੋ ਰਿਹਾ ਹੈ, ਜਿਸ ਵਿੱਚ ਭਾਰਤੀ ਹਾਕੀ ਟੀਮ ਲਈ ਐਤਕਾਂ ਫਿਰ ਚੁਣੌਤੀ ਹੋਵੇਗੀ, ਕਿਉਂਕਿ 200 ਰੁਪਏ ਦਾ ਪਹਿਲਾ ਦਵੰਟੀ-20 ਕੱਪ ਜੇਤੂ ਭਾਰਤ 2009 ਵਿੱਚ ਪਹਿਲੇ ਨੰਬਰ 'ਤੇ ਆਉਣੋ ਪੱਛੜ ਗਿਆ ਸੀ। 2010 ਵਿੱਚ ਭਾਰਤੀ ਕ੍ਰਿਕਟ ਟੀਮ ਨੂੰ ਤਕੜੀ ਟੀਮ ਵਿਸ਼ਵ ਕੱਪ ਲਈ ਭੇਜਣੀ ਪਵੇਗੀ, ਕਿਉਂਕਿ ਇਸ ਵਾਰ ਭਾਰਤ ਲਈ ਟੀਮ ਵਿਸ਼ਲ ਕੱਪ ਲਈ ਭੇਜਣੀ ਪਵੇਗੀ, ਕਿਉਂਕਿ ਇਸ ਵਾਰ ਭਾਰਤੀ ਮੇਜ਼ਬਾਨ ਵੈਸਟ ਇੰਡੀਜ਼ ਤੇ ਆਸਟਰੇਲੀਆ ਦੀਆਂ ਸਖਤ ਚੁਣੌਤੀਆਂ ਹੋਣਗੀਆਂ। ਜ਼ਿਕਰਯੋਗ ਹੈ ਕਿ ਆਸਟਰੇਲੀਆ ਦੀ ਕ੍ਰਿਕਟ ਟੀਮ ਵਿਸ਼ਵ ਕੱਪ ਲਈ ਆਪਣੀ ਟੀਮ ਦਾ ਐਲਾਨ ਕਰਕੇ ਮਾਈਕਲ ਕਲਾਰਕ ਨੂੰ ਕਪਤਾਨ ਚੁਣ ਕੇ ਪਾਕਿਸਤਾਨ ਨਾਲ ਮੈਚ ਖੇਡਣੇ ਸ਼ੁਰੂ ਕਰ ਦਿੱਤੇ ਹਨ।

# ਕਬੱਡੀ ਟੂਰਨਾਮੈਂਟ ਦਾ ਪੋਸਟਰ ਕੀਤਾ ਰਿਲੀਜ਼

ਤਪਾ ਮੰਡੀ, 5 ਫਰਵਰੀ (ਯਾਦੂ ਭੁੱਲਰ)-ਨੇੜਲੇ ਪਿੰਡ ਘੜੈਲੀ ਦੇ ਖੇਡ ਗਰਾਊਂਡ ਵਿਖੇ ਸਵ: ਬਾਬਾ ਭੰਗਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਦੋ ਰੋਜ਼ਾਂ ਪਹਿਲਾ ਸ਼ਾਨਦਾਰ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਬਾਬਾ ਭੰਗਾ ਸਿੰਘ ਯੂਥ ਕਲੱਬ ਦੇ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਤੇ ਸਰਪੰਚ ਹਰਨੈਬ ਸਿੰਘ ਨੇ ਆਪਣੇ ਸਾਥੀਆਂ ਨਾਲ ਖੇਡ ਮੇਲੇ ਦਾ ਪੋਸਟਰ ਰਿਲੀਜ਼ ਕਰਨ ਸਮੇਂ ਕੁਝ ਚੋਣਵੇਂ ਪੱਤਰਕਾਰਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 9 ਤੇ 10 ਫਰਵਰੀ ਨੂੰ ਕਰਵਾਏ ਜਾ ਰਹੇ ਪਹਿਲੇ ਸ਼ਾਨਦਾਰ ਕਬੱਡੀ ਟੂਰਨਾਮੈਂਟ ਵਿੱਚ ਪਹਿਲਾ ਇਨਾਮ 31000+ਕੱਪ, ਦੂਸਰਾ ਇਨਾਮ 21000+ਟਰਾਫੀ ਕਬੱਡੀ ਓਪਨ ਤੇ 11000, 8100 ਰੁਪਏ ਇਨਾਮ 70 ਕਿਲੋ ਕਬੱਡੀ ਕ੍ਰਮਵਾਰ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ ਟੀਮਾਂ ਨੂੰ ਦਿੱਤੇ ਜਾਣਗੇ। 54 ਕਿਲੋ ਦਾ ਪਹਿਲਾ ਇਨਾਮ 5100 ਰੁਪਏ ਤੇ ਦੂਜਾ ਇਨਾਮ 4100 ਰੁਪਏ ਹੋਵੇਗਾ। ਕਬੱਡੀ 45 ਕਿਲੋ ਦੀ ਟੀਮ ਲਈ ਕ੍ਰਮਵਾਰ ਪਹਿਲਾ-ਦੂਜਾ ਇਨਾਮ 3100 ਤੇ 2100 ਰੁਪਏ ਹੋਵੇਗਾ। ਇਸ ਖੇਡ ਮੇਲੇ 'ਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੀਰਾ ਪਿੱਥੋ ਦਾ ਸਨਮਾਨ ਵੀ ਕੀਤਾ ਜਾਵੇਗਾ। 9 ਫਰਵਰੀ ਨੂੰ ਉਦਘਾਟਨ ਸ. ਨਰਿੰਦਰ ਸਿੰਘ ਭੁਲੇਰੀਆ ਸੀਨੀਅਰ ਕਾਂਗਰਸੀ ਆਗੂ ਕਰਨਗੇ ਤੇ ਪ੍ਰਧਾਨਗੀ ਸ. ਸੁਖਦੇਵ ਸਿੰਘ ਸੰਧੂ ਯੂਥ ਕੁਆਰਡੀਨੇਟਰ ਬਠਿੰਡਾ ਕਰਨਗੇ। 10 ਫਰਵਰੀ ਨੂੰ ਇਨਾਮਾਂ ਦੀ ਵੰਡ ਸ. ਜਗਦੀਪ ਸਿੰਘ ਨਕਈ ਤੇ ਸ. ਜਗਰੂਪ ਸਿੰਘ ਢਿੱਲੋਂ ਕਰਨਗੇ। ਇਸ ਸਮੇਂ ਪੰਚ ਗੁਰਜੰਟ ਸਿੰਘ, ਪੰਚ ਪਰਮਜੀਤ ਸਿੰਘ, ਪੰਚ ਜਰਨੈਲ ਸਿੰਘ, ਪੰਚ ਜਸਵੰਤ ਸਿੰਘ, ਜਗਮੀਤ ਸਿੰਘ ਮੀਤ ਪ੍ਰਧਾਨ, ਸਵਰਨ ਸਿੰਘ, ਵਜੀਰ ਸਿੰਘ, ਗੁਰਚਰਨ ਸ਼ਰਮਾ, ਬਸੰਤ ਸਿੰਘ, ਭਾਗ ਸਿੰਘ ਭੁੱਲਰ, ਪਰਮਜੀਤ ਕੌਰ, ਗਿੰਦਰ ਸਿੰਘ, ਸੰਦੀਪ ਸਿੰਘ, ਲਖਵਿੰਦਰ ਸਿੰਘ, ਰਾਜਪਾਲ ਸਿੰਘ, ਹਰਦੀਪ ਸਿੰਘ, ਬੇਅੰਤ ਸਿੰਘ, ਨਿਰਮਲ ਸਿੰਘ ਤੇ ਦੀਪਾ ਆਦਿ ਹਾਜ਼ਰ ਸਨ।



ਪਿੰਡ ਘੜੈਲੀ ਵਿਖੇ ਖੇਡ ਮੇਲੇ ਦਾ ਪੋਸਟਰ ਰਿਲੀਜ਼ ਕਰਦੇ ਹੋਏ ਕਲੱਬ ਮੈਂਬਰ। ਫੋਟੋ-ਯਾਦੂ ਭੁੱਲਰ

# ਕਾਰ ਤੇ ਟਰਾਲੇ ਦੀ ਸਿੱਧੀ ਟੱਕਰ

ਜ਼ੀਰਾ, 5 ਫਰਵਰੀ (ਤਰਸੇਮੇ ਰਾਜ ਧਮੀਜ਼ਾ )-ਸਥਾਨਕ ਮੁੱਖ ਚੌਂਕ ਵਿਖੇ ਇਕ ਵੱਡਾ ਹਾਦਸਾ ਉਦੋਂ ਹੋਣੋਂ ਟਲ ਗਿਆ ਜਦੋਂ ਇਕ ਬੱਜਰੀ ਨਾਲ ਭਰੇ ਟਰਾਲੇ ਅਤੇ ਕਾਰ ਦੀ ਆਹਮੋ-ਸਾਹਮਣੀ ਟੱਕਰ ਹੋ ਗਈ, ਜਿਸ ਦਰਮਿਆਨ ਕਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ। ਜਾਣਕਾਰੀ ਅਨੁਸਾਰ ਟਰਾਲਾ ਨੰ: ਪੀ.ਬੀ. 08-6296 ਚੌਕ ਵਿਚ ਪੁੱਜਾ ਤਾਂ ਦੂਜੇ ਪਾਸੇ ਤੋਂ ਆ ਰਹੀ ਕਾਰ ਨੰ: ਪੀ.ਬੀ. 47-9429 ਨਾਲ ਉਸਦੀ ਟੱਕਰ ਹੋ ਗਈ, ਜਿਸ ਦਰਮਿਆਨ ਕਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ। ਕਾਰ ਮਾਲਕ ਜਸਵੰਤ ਸਿੰਘ ਦੇ ਪਰਿਵਾਰ ਵਿਚ ਇਕ ਲੜਕੇ ਨੂੰ ਅੱਜ ਸ਼ਗਨ ਲੱਗਣਾ ਸੀ, ਜਿਸ ਦੇ ਸਬੰਧੀ ਪਰਿਵਾਰ ਕਾਰ ਵਿਚ ਸਵਾਰ ਹੋ ਕੇ ਪੈਲੇਸ ਜਾ ਰਹੇ ਸੀ।

# ਮਜੀਠੀਆ ਨੇ 6 ਲੱਖ 54 ਹਜ਼ਾਰ ਰੁਪੈ ਪਿੰਡ ਵੀਰਮ ਨੂੰ ਵਿਕਾਸ ਕਾਰਜਾਂ ਲਈ ਦਿੱਤੇ

ਮਜੀਠਾ, 5 ਫਰਵਰੀ (ਸ਼ੁਭਾਸ ਮਜੀਠਾ) ਪੰਜਾਬ ਵਿਚ ਪਹਿਲਾਂ ਰਹੇ ਚੁੱਕੀ ਕਾਂਗਰਸ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਵਿਚ ਬਿਜਲੀ ਸੰਕਟ ਛਾਇਆ ਹੋਇਆ ਹੈ ਤੇ ਇਸ ਬਿਜਲੀ ਸੰਕਟ ਤੋਂ ਲੋਕਾਂ ਨੂੰ ਰਾਹਤ ਦਿਵਾਉਣ ਲਈ ਪੰਜਾਬ ਦੀ ਵਾਗਡੋਰ ਸੰਭਾਲਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਭਾਜਪਾ ਗਠਜੋੜ ਸਰਕਾਰ ਦੇ ਮੁੱਖ ਮੰਤਰੀ ਸ ਪ੍ਰਕਾਸ਼ ਸਿੰਘ ਬਾਦਲ ਨੇ ਬਿਜਲੀ ਦੀ ਪੈਦਾਵਾਰ ਵਧਾਉਣ ਦੇ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖ ਕੇ ਸ਼ੁਰੂਆਤ ਕੀਤੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ ਬਿਕਰਮ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਨੇ ਪਿੰਡ ਵੀਰਮ ਵਿਖੇ ਪਿੰਡ ਦੇ ਵੱਖ ਵੱਖ ਵਿਕਾਸ ਕਾਰਜਾਂ ਦੇ ਲਈ ਪਿੰਡ ਦੀ ਪੰਚਾਇਤ ਨੂੰ ਗੁਰਦੁਆਰਾ ਸਾਹਿਬ ਵਿਖੇ ਚੈਕ ਦੇਣ ਉਪਰੰਤ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਨ ਦੌਰਾਨ ਕੀਤਾ। ਸ ਮਜੀਠੀਆਂ ਨੇ ਪਿੰਡ ਨੂੰ 6 ਲੱਖ 54 ਹਜ਼ਾਰ ਰੁਪੈ ਦੀ ਗ੍ਰਾਂਟ ਰਾਸ਼ੀ ਦਿੱਤੀ। ਜਿਸ ਵਿਚ ਪਖਾਨਿਆਂ ਦੇ ਲਈ 1 ਲੱਖ 54 ਹਜ਼ਾਰ ਰੁਪੈ, 1 ਲੱਖ 50 ਹਜ਼ਾਰ ਰੁਪੈ ਸ਼ਮਸਾਨਘਾਟ ਲਈ, ਸਕੂਲ ਦੀ ਬੋਂਡਰੀਵਾਲ ਲਈ 1 ਲੱਖ ਰੁਪੈ, ਐਸ ਸੀ ਧਰਮਸ਼ਾਲਾ ਲਈ 1 ਲੱਖ ਰੁਪੈ ਅਤੇ 1 ਲੱਖ 50 ਹਜਾਰ ਰੁਪੈ ਗਲੀਆਂ ਨਾਲੀਆਂ ਆਦਿ ਤੋਂ ਇਲਾਵਾ 25 ਹਜ਼ਾਰ ਰੁਪੈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਆਪਣੇ ਨਿੱਜੀ ਫੰਡ 'ਚੋਂ ਦਿੱਤੇ। ਇਸ ਮੌਕੇ ਸ ਮਜੀਠੀਆ ਤੋਂ ਇਲਾਵਾ ਮੈਂਬਰ ਜਿਲਾ ਪ੍ਰੀਸ਼ਦ ਹਰਵਿੰਦਰ ਸਿੰਘ ਭੁੱਲਰ, ਮੈਂਬਰ ਸ਼੍ਰੋਮਣੀ ਕਮੇਟੀ ਸੰਤੋਖ ਸਿੰਘ ਸਮਰਾ, ਮੇਜਰ ਸ਼ਿਵ ਚਰਨ, ਸਰਵਨ ਸਿੰਘ ਧੁੰਨ, ਗਗਨਦੀਪ ਸਿੰਘ ਭਕਨਾ, ਰਕੇਸ਼ ਪਰਾਸ਼ਰ, ਐਡਵੋਨਪੋਲ, ਆਸ਼ਦੀਪ ਸਿੰਘ, ਸਰਬਜੀਤ ਸਿੰਘ ਸੁਪਾਰੀਵਿੰਡ, ਸਰਪੰਚ ਸੁਖਬੀਰ ਕੌਰ, ਪੰਚ ਸ਼ੀਤਲ ਸਿੰਘ, ਪੰਚ ਗੁਰਜੀਤ ਸਿੰਘ, ਪੰਚ ਰਤਨ ਸਿੰਘ, ਪੰਚ ਰਣਜੀਤ ਸਿੰਘ, ਨੰਬਰਦਾਰ ਕੁਲਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਚੰਦੀ, ਜਗਰੂਪ ਸਿੰਘ ਚੰਦੀ, ਸਾਬਕਾ ਸਰਪੰਚ ਅਮਰਜੀਤ ਸਿੰਘ, ਨਿਰਮਲ ਸਿੰਘ, ਨੰਬਰਦਾਰ ਜਸਬੀਰ ਸਿੰਘ ਆਦਿ ਹਾਜ਼ਰ ਸਨ।



ਬਿਕਰਮ ਸਿੰਘ ਮਜੀਠੀਆ ਪਿੰਡ ਵੀਰਮ ਦੀ ਪੰਚਾਇਤ ਨੂੰ ਪਿੰਡ ਦੇ ਵਿਕਾਸ ਕਾਰਜਾਂ ਲਈ 6 ਲੱਖ 54 ਹਜ਼ਾਰ ਰੁਪੈ ਦੀ ਗ੍ਰਾਂਟ ਰਾਸ਼ੀ ਦੇ ਚੈੱਕ ਦਿੰਦੇ ਹੋਏ। ਫੋਟੋ ਸ਼ੁਭਾਸ ਮਜੀਠਾ

# ਟੀ. ਬੀ. ਦੀ ਰੋਕਥਾਮ ਲਈ ਪਾਇਲਟ ਪ੍ਰਾਜੈਕਟ ਸ਼ੁਰੂ

ਜਲੰਧਰ, 5 ਫਰਵਰੀ (ਮਲਕੀਤ ਸਿੰਘ ਬਰਾੜ)-ਸ੍ਰ. ਅਜੀਤ ਸਿੰਘ ਪਨੂੰ ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜ਼ਿਲ੍ਹਾ ਰੈੱਡ ਕਰਾਸ ਜਲੰਧਰ ਨੇ ਦੱਸਿਆ ਕਿ ਭਾਰਤ ਵਿੱਚ ਰੈੱਡ ਕਰਾਸ ਸੁਸਾਇਟੀ ਦੀ ਪੰਜਾਬ ਰਾਜ ਸ਼ਾਖਾ ਵੱਲੋਂ ਟੀ.ਬੀ. ਦੀ ਬਿਮਾਰੀ ਦੀ ਰੋਕਥਾਮ ਵਾਸਤੇ ਇੱਕ ਪਾਇਲਟ ਪ੍ਰਾਜੈਕਟ ਸਿਹਤ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਹੈ, ਜਿਸ ਵਿੱਚ ਟੀ.ਬੀ. ਦੀ ਕੈਟਾਗਿਰੀ 2 ਦੇ ਮਰੀਜ਼ ਜੋ ਕਿ ਕਿਸੇ ਕਾਰਨ ਵਜੋਂ ਪਹਿਲਾਂ ਡਾਟਸ ਦਾ ਇਲਾਜ ਛੱਡ ਚੁੱਕੇ ਹੁੰਦੇ ਹਨ। ਉਨ੍ਹਾਂ ਨੂੰ ਇਸ ਪ੍ਰਾਜੈਕਟ ਦੇ ਅਧੀਨ ਰੈੱਡ ਕਰਾਸ, ਇਹ ਕੋਸ਼ਿਸ਼ ਕਰੇਗੀ ਕਿ ਇਹ ਮਰੀਜ਼ ਆਪਮੀ ਦਵਾਈ ਦਾ ਇਲਾਜ ਨਾ ਛੱਡਣ। ਇਸ ਪ੍ਰਾਜੈਕਟ ਦੇ ਅਧੀਨ ਰੈੱਡ ਕਰਾਸ ਦੇ ਵਲੰਟੀਅਰ ਸਾਜਿਕ ਪ੍ਰਭਾਵਾਂ ਅਤੇ ਇਨ੍ਹਾਂ ਰੋਗੀਆਂ ਪ੍ਰਤੀ ਸਮਾਜਿਕ ਵਤੀਰੇ ਤੋਂ ਪ੍ਰਭਾਵਿਤ ਕਾਰਨਾਂ ਨੂੰ ਸਮਝ ਕੇ ਇਸ ਪ੍ਰਤੀ ਜ਼ੋਰਦਾਰ ਕੋਸ਼ਿਸ਼ ਕਰਨਗੇ ਕਿ ਇਨ੍ਹਾਂ ਰੋਗੀਆਂ ਦਾ ਮਨੋਬਲ ਉੱਚਾ ਹੋਵੇ ਅਤੇ ਉਹ ਆਪਣੀ ਇਸ ਬਿਮਾਰੀ ਤੋਂ ਹੋਰ ਪਰਿਵਾਰ ਦੇ ਮੈਂਬਰਾਂ ਨੂੰ ਬਚਾ ਸਕਣ।

# 3 ਰੋਜ਼ਾ ਕਬੱਡੀ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਸੰਪੰਨ

ਬੁਢਲਾਡਾ, 5 ਫਰਵਰੀ (ਦਵਿੰਦਰ ਸਿੰਘ ਕੋਹਲੀ)-ਬਲਾਕ ਬੁਢਲਾਡਾ ਦੇ ਪਿੰਡ ਦੋਦੜਾ ਵਿਖੇ 3 ਰੋਜ਼ਾ ਕਬੱਡੀ ਟੂਰਨਾਮੈਂਟ ਬਾਬਾ ਝੱਬਰ ਨਾਥ ਸਪੋਰਟਸ ਕਲੱਬ ਵੱਲੋਂ ਪਿੰਡ ਦੇ ਸਹਿਯੋਗ ਨਾਲ ਧੂਮ ਧੜੱਕੇ ਨਾਲ ਸੰਪੰਨ ਹੋਇਆ। ਇਸ ਕਬੱਡੀ ਟੂਰਨਾਮੈਂਟ ਵਿੱਚ ਅਹਿਮ ਭੂਮਿਕਾ ਗਮਦੂਰ ਸਿੰਘ ਪ੍ਰਧਾਨ ਕਲੱਬ, ਰਣਜੀਤ ਸਿੰਘ ਦੋਦੜਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੀ ਰਹੀ। ਇਸ ਕਬੱਡੀ ਮੈਚ ਮੇਲੇ ਵਿੱਚ 107 ਟੀਮਾਂ ਨੇ ਭਾਗ ਲਿਆ। ਪਹਿਲੇ ਦਿਨ ਟੂਰਨਾਮੈਂਟ ਦਾ ਉਦਘਾਟਨ ਦਰਸ਼ਨ ਸਿੰਘ ਸਰਪੰਚ ਰੱਲੀ ਨੇ ਕੀਂ,ੀ ਜਦਕਿ ਪ੍ਰਧਾਨਗੀ ਮਹਿੰਦਰ ਸਿੰਘ ਸਰਪੰਚ ਬੁੱਢਲਾਡਾ ਨੇ ਕੀਤੀ। ਦੂਜੇ ਦਿਨ ਦਾ ਉਦਘਾਟਨ ਸੇਵਾ ਸਿੰਘ ਸਰਪੰਚ ਦੋਦੜਾਂ ਨੇ ਕੀਤਾ, ਜਦਕਿ ਪ੍ਰਧਾਨਗੀ ਅਜੈਬ ਸਿੰਘ ਸੀਨੀਅਰ ਅਕਾਲੀ ਆਗੂ ਦੋਦੜਾ ਨੇ ਕੀਤੀ। ਤੀਜੇ ਦਿਨ ਓਪਨ ਕਬੱਡੀ ਦਾ ਉਦਘਾਟਨ ਸੁਖਦੇਵ ਸਿੰਘ ਫਰਵਾਹੀ ਜ਼ਿਲ੍ਹਾ ਪ੍ਰਧਾਨ ਬੀ.ਜੇ.ਪੀ. ਨੇ ਕੀਤਾ, ਜਦਕਿ ਪ੍ਰਧਾਨਗੀ ਰਣਜੀਤ ਸਿੰਘ ਦੋਦੜਾ ਮੈਂਬਰਾਂ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਅਤੇ ਧਨੰਤਰ ਸਿੰਘ ਸਿੱਧੂ ਨੇ ਕੀਤੀ। ਓਪਨ ਕਬੱਡੀ ਵਿੱਚ ਪਹਿਲੇ ਸਥਾਨ ਜੰਗਿਆਣਾ, ਦੂਜੇ ਸਥਾਨ ਤੇ ਰੂੜਕੇ, 70 ਕਿੱਲੋ ਵਿੱਚ ਪਹਿਲੇ ਸਥਾਨ 'ਤੇ ਝਨੇੜੀ, ਦੂਜੇ ਸਥਾਨ 'ਤੇ ਭੀਖੀ, 57 ਕਿੱਲੋ ਵਿੱਚੋਂ ਪਹਿਲੇ ਸਥਾਨ ਤੇ ਦੋਦੜਾ ਅਤੇ ਦੂਜੇ ਸਥਾਨ 'ਤੇ ਰਾਇਪੁਰ ਮਾਖਾ, 50 ਕਿੱਲੋ ਵਿੱਚ ਪਹਿਲੇ ਸਥਾਨ 'ਤੇ ਦੋਦੜਾ, ਦੂਜੇ ਸਥਾਨ 'ਤੇ ਕੁਲਰੀਆਂ, 28 ਕਿੱਲੋ ਵਿੱਚ ਪਹਿਲੇ ਸਥਾਨ 'ਤੇ ਦੋਦੜਾ ਏ, ਦੂਜੇ ਸਥਾਨ 'ਤੇ ਸਰਕਾਰੀ ਹਾਈ ਸਕੂਲ ਦੋਦੜਾ ਰਹੀ। ਇਸ ਮੌਕੇ ਓਪਨ ਕਬੱਡੀ ਵਿੱਚ ਬੈੱਸਟ ਰੇਡਰ ਜੀਤ ਸਿੰਘ, ਜੰਗੀਆਣਾ ਅਤੇ ਬੈੱਸਟ ਜਾਫੀ ਗੁਰਪ੍ਰੀਤ ਸਿੰਘ ਜੰਗੀਆਣਾ ਨੂੰ ਸਵਰਗੀ ਪ੍ਰਧਾਨ ਮਹਿੰਦਰ ਸਿੰਘ ਦੋਦੜਾ ਯਾਦਗਾਰੀ ਕੱਪ ਨਾਲ ਸਨਮਾਨਿਤ ਕੀਤਾ।

# ਸ੍ਰੀ ਭਗਵਤ ਕਥਾ 7 ਤੋਂ 14 ਫਰਵਰੀ ਤੱਕ

ਨੂਰਪੁਰ ਬੇਦੀ, 5 ਫਰਵਰੀ (ਪੱਤਰ ਪ੍ਰੇਰਕ)-ਸ੍ਰੀ ਭਗਵਤ ਕਥਾ ਦੀ ਸ਼ੁਰੂਆਤ 7 ਫਰਵਰੀ ਨੂੰ ਸ਼ਿਵ ਮੰਦਰ ਪਿੰਡ ਗੱਦੀਵਾਲ ਵਿੱਚ ਕਰਵਾਈ ਜਾ ਰਹੀ ਹੈ। ਇਸ ਦੀ ਜਾਣਕਾਰੀ ਮੰਦਰ ਦੇ ਮਹੰਤ ਵੀਰਮ ਨਾਥ ਨੇ ਦਿੱਤੀ। ਉਨ੍ਹਾਂ ਕਿਹਾ ਕਿ ਉਹ ਇਕ ਕਥਾ ਉਨ੍ਹਾਂ ਦੇ ਬ੍ਰਹਮਲੀਨ ਮਹੰਤ ਬਾਬਾ ਸ੍ਰੀ ਰਾਮ ਨਾਥ ਜੀ ਨੇ ਗੀਤ ਅਨੁਸਾਰ ਕਰਵਾ ਰਹੇ ਹਨ। ਇਹ ਕਥਾ ਭਗਵਾਨ ਸ਼ਿਵ ਦੀ ਕਿਰਪਾ ਨਾਲ ਸ਼ਿਵਰਾਤਰੀ ਦੇ ਨੇੜੇ-ਤੇੜੇ ਕਰਵਾਉਣੀ ਬਹੁਤ ਹੀ ਸ਼ੁਭ ਅਤੇ ਫਲਦਾਇਕ ਹੁੰਦੀ ਹੈ। ਇਹ ਕਥਾ ਪੰਡਿਤ ਗੀਤਾ ਰਾਮ ਬਿਲਾਸਪੁਰ ਵਾਲੇ ਕਰਨਗੇ ਅਤੇ ਇਸ ਕਥਾ ਬਹੁਤ ਹੀ ਹਲੀਮੀ ਅਤੇ ਵਿਸਥਾਰ ਨਾਲ ਸਮਝਾਉਣਗੇ। ਇਹ ਪਵਿੱਤਰ ਕਥਾ 14 ਫਰਵਰੀ ਤੱਕ ਹੋਵੇਗੀ। ਸਮਾਪਤੀ ਦੇ ਇਸ ਹਵਨ ਅਤੇ ਕੀਰਤਨ ਆਦਿ ਵੀ ਕੀਤਾ ਜਾਵੇਗਾ।

# ਪਿੰਡ ਖੁਰਾਲਗੜ੍ਹ ਬੀਤ ਤੋਂ ਵਿਸ਼ਾਲ ਨਗਰ ਕੀਰਤਨ ਕੱਢਿਆ

ਗੜ੍ਹਸ਼ੰਕਰ 5 ਜਨਵਰੀ (ਪ. ਪ.)-ਗੁਰੂ ਰਵਿਦਾਸ ਜੀ ਦੇ ਚਰਨਛੋਹ ਇਤਿਹਾਸ ਪਿੰਡ ਖੁਰਾਲਗੜ੍ਹ ਤੋਂ ਅੱਜ ਸਵੇਰੇ ਵਿਸ਼ਾਲ ਨਗਰ ਕੀਰਤਨ ਸ਼ੁਰੂ ਹੋਇਆ, ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ ਅਤੇ ਮਹਾਰਾਜ ਜੀ ਦੀ ਪਾਲਕੀ, ਜੋ ਕਿ ਫੁੱਲਾਂ ਨਾਲ ਸਜਾਈ ਹੋਈ ਸੀ, ਦੇਖਣਯੋਗ ਸੀ। ਗੱਡੀਆਂ, ਮੋਟਰਾਂ, ਟਰੈਕਟਰ-ਟਰਾਲੀਆਂ ਦੀ ਲਾਈਨ ਬੇਹਤਾਸ਼ਾ ਸੀ। ਗੁਰੂ ਮਹਾਰਾਜ ਜੀ ਦੀ ਪਾਲਕੀ ਦੇ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਦੇ ਅਹੁਦੇਦਾਰ, ਜਿਨ੍ਹਾਂ ਚ ਚੇਅਰਮੈਨ ਸ਼ਿੰਗਾਰਾ ਰਾਮ ਸਹੂੰਗੜਾ, ਬਖ਼ਸੀਰਾਮ, ਮਾਸਗਲੀ ਰਾਮ, ਸੂਬੇਦਾਰ ਸੰਸਾਰ ਚੰਦ, ਹੈਡ ਗ੍ਰਥੀ ਨੇਗਾ ਸਿੰਘ, ਡਾ. ਕੇਵਲ ਕੁਮਾਰ, ਰਾਮ ਲਾਲ, ਬਸੀ ਲਾਲ ਤੋਂ ਇਲਾਵਾ ਹੋਰ ਮੈਂਬਰ ਚੱਲ ਰਹੇ ਸਨ। ਬੈਂਡਵਾਜੇ ਨਾਲ ਚੱਲ ਰਹੇ ਇਸ ਨਗਰ ਕੀਰਤਨ ਚ ਨੌਜਵਾਨ ਭੰਗੜੇ ਪਾ ਰਹੇ ਸਨ ਅਤੇ ਗੁਰੂ ਰਵਿਦਾਸ ਮਹਾਰਾਜ ਦੇ ਜੈਕਾਰੇ ਲਗਾ ਰਹੇ ਸਨ। ਇਹ ਨਗਰ ਕੀਰਤਨ, ਜੋ ਕਿ ਖੁਰਾਲਗੜ੍ਹ ਤੋਂ ਚਲਿਆ ਸੀ ਤੇ ਕਾਲੇਵਾਲ, ਹੈਬੋਵਾਲ, ਨੈਣਵਾਂ, ਟੋਹੇਵਾਲ, ਪੋਜੇਵਾਲ, ਕੁਕੜਮਜਾਰਾ ਗੜ੍ਹਸ਼ੰਕਰ ਤੋਂ ਹੁੰਦਾ ਹੋਇਆ ਵਾਪਸ ਅੱਡਾ ਬੀਣੇਵਾਲ ਤੋਂ ਵਾਪਸ ਦੇਰ ਰਾਤ ਖੁਰਾਲਗੜ੍ਹ ਪਹੁੰਚਿਆ। ਅਲੱਗ-ਅਲੱਗ ਪਿੰਡਾਂ ਚ ਲੱਡੂ, ਚਾਹ ਪਕੌੜੇ ਆਦਿ ਦੇ ਲੰਗਰ ਲੱਗੇ ਹੋਏ ਸਨ। ਗੁਰਦੁਆਰਾ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਖੁਰਾਲਗੜ੍ਹ (ਗੜ੍ਹਸ਼ੰਕਰ) ਦੇ ਚੇਅਰਮੈਨ ਸ਼ਿੰਗਾਰਾ ਰਾਮ ਸਹੂੰਗੜਾ (ਸਾਬਕਾ ਐਮਐਲਏ) ਨੇ ਦੱਸਿਆ ਕਿ 5 ਫਰਵਰੀ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ, 6 ਫਰਵਰੀ ਨੂੰ ਰਾਤ ਰੈਣ ਸੁਬਾਈ ਕੀਰਤਨ ਦਰਬਾਰ ਸਜੇਗਾ।

# ਪਿੰਡ ਦੀ ਧਰਮਸ਼ਾਲਾ 'ਚ ਪ੍ਰਗਟ ਦਿਵਸ ਮਨਾਇਆ



ਪੱਖੋ ਕਲਾਂ,5 ਫਰਵਰੀ (ਬਿੱਟੂ ਭੈਣੀ)-ਸ਼ਥਾਨਕ ਪਿੰਡ ਦੀ ਬਾਸੋ ਪੱਤੀ ਦੀ ਧਰਮਸਾਲਾ ਵਿੱਚ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ,ਇਸ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਕੀਰਤਨ ਕੀਤਾ ਗਿਆ। ਵੈਦ ਹਰੀ ਸਿੰਘ ਨੇ ਰਵਿਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਉੱਪਰ ਚੱਲਣ ਤੇ ਜੋਰ ਦਿੱਤਾ। ਇਸ ਮੌਕੇ ਤੇ ਜਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਵਧਾਇਕ ਬਲਵੀਰ ਸਿੰਘ ਘੁੰਨਸ, ਸਾਬਕਾ ਸਿੰਚਾਈ ਰਾਜ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ੍ਰੋਮਣੀ ਕਮੇਟੀ ਮੈਂਬਰ ਉਦੈ ਸਿੰਘ ਨੇ ਆਪਣੀ ਹਾਜਰੀ ਲਵਾਈ। ਬਲਾਕ ਸੰਮਤੀ ਦੇ ਵਾਈਸ਼ ਚੇਅਰਮੈਨ ਡਾ. ਬਲਵੀਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਉਪਰੋਕਤ ਸ਼ਖਸੀਅਤਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ।ਇਸ ਮੌਕੇ ਤੇ ਪੰਚ ਸੁਖਜੀਤ ਸਿੰਘ ਸੁੱਖੀ,ਪੰਚ ਬਲਕੌਰ ਸਿੰਘ ਤੇ ਇਲਾਕੇ ਦੇ ਮੋਹਤਬਰ ਸੱਜਣ ਹਾਜਰ ਸਨ।

# ਮੁਲਾਜ਼ਮਾਂ ਤੇ ਸੀਨੀਅਰ ਡਿਪਟੀ ਮੇਅਰ ਦੇ ਝਗੜੇ ਦੀ ਨਿਖੇਧੀ

ਜਲੰਧਰ, 5 ਫਰਵਰੀ (ਪੱਤਰ ਪ੍ਰੇਰਕ)-ਨਗਰ ਨਿਗਮ ਵਿੱਚ ਅਧਿਕਾਰੀਆਂ ਅਤੇ ਸੀਨੀਅਰ ਡਿਪਟੀ ਮੈਂਬਰ ਵਿੱਚ ਜੋ ਅੱਜ ਆਪਸ ਵਿੱਚ ਝਗੜਾ ਹੋਇਆ ਹੈ, ਇਹ ਬਹੁਤ ਹੀ ਸ਼ਰਮਨਾਕ ਘਟਨਾ ਹੈ। ਲੋਕ ਜਨ ਸ਼ਕਤੀ ਪਾਰਟੀ (ਯੂਥ ਵਿੰਗ) ਪੰਜਾਬ ਦੇ ਪ੍ਰਧਾਨ ਸ੍ਰ. ਪਰਮਿੰਦਰ ਸਿੰਘ ਕਾਲਾ ਨੇ ਇਸ ਘਟਨਾ ਦਾ ਕਰੜਾ ਵਿਰੋਧ ਕਰਦੇ ਹੋਏ ਕਿਹਾ ਕਿ ਮੁਲਜ਼ਮਾਂ ਅਤੇ ਸੀਨੀਅਰ ਡਿਪਟੀ ਸ੍ਰ. ਕਮਲਜੀਤ ਸਿੰਘ ਭਾਈਆ ਵਿੱਚ ਜੋ ਝਗੜਾ ਹੋਇਆ ਹੈ, ਇਹ ਪੰਜਾਬ ਸਰਕਾਰ ਉਪਰ ਇੱਕ ਬਹੁਤ ਵੱਡਾ ਕਲੰਕ ਹੈ। ਸ਼ਹਿਰੀ ਵਿਕਾਸ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਦੀ ਕੋਠੀ ਦੇ 50 ਮੀਟਰ ਦੂਰੀ 'ਤੇ ਨਗਰ ਨਿਗਮ ਦਾ ਦਫਤਰ ਹੈ, ਜਦੋਂ ਕਿ ਇਸ ਝਗੜੇ ਨੂੰ ਏਨਾ ਵਧਣ ਦੀ ਬਜਾਏ ਮੰਤਰੀ ਸਾਹਿਬ ਨੂੰ ਬੈਠ ਕੇ ਦੋਹਾਂ ਧਿਰਾਂ ਦਾ ਸਮਝੌਤਾ ਕਰਵਾਉਣਾ ਚਾਹੀਦਾ ਸੀ ਨਾ ਕਿ ਇਹ ਤਮਾਸ਼ਾ ਜਨਤਾ ਵਿੱਚ ਲਿਆਂਦਾ ਜਾਣਾ ਚਾਹੀਦਾ ਸੀ। ਇਸ ਸ਼ਰਮਨਾਕ ਘਟਨਾ ਨੂੰ ਦੇਖਦੇ ਹੋਏ ਇਸ ਦੀ ਜਾਂਚ ਕਰਵਾ ਕੇ ਜੋ ਵੀ ਦੋਸ਼ੀ ਹੈ, ਉਨ੍ਹਾਂ ਉਪਰ ਤਤਕਾਲ ਕਾਰਵਾਈ ਹੋਵੇ।

# ਮੁੰਬਈ 'ਤੇ ਬਾਲ ਠਾਕਰੇ ਦਾ ਜ਼ਾਲਮਾਨਾ ਰਵੱਈਆ ਕਿਉਂ?

ਕਮਲਜੀਤ ਥਾਬਲਕੇ
97803-76320



ਅੱਜ-ਕੱਲ੍ਹ ਜੋ ਖ਼ਬਰ ਅਖ਼ਬਾਰਾਂ, ਟੀ. ਵੀ. ਚੈਨਲਾਂ ਦੀ ਸੁਰਖੀ ਬਣੀ ਹੋਈ ਹੈ ਉਹ ਇਹ ਕਿ ਮੁੰਬਈ 'ਚ ਸ਼ਿਵ ਸੈਨਾ ਦਾ ਪੂਰੇ ਭਾਰਤ 'ਤੇ ਭਾਰੀ ਪੈਣਾ ਸ਼ਿਵ ਸੈਨਾ ਦੇ ਮੁਖੀ ਇਹ ਜਤਾਅ ਰਹੇ ਹਨ ਕਿ ਸਾਡੇ ਤੋਂ ਸਿਵਾਏ ਹੋਰ ਕੋਈ ਮੁੰਬਈ ਦਾ ਖਿਆਲ ਨਹੀਂ ਰੱਖ ਸਕਦਾ ਸਿਰਫ਼ ਅਸੀਂ ਹੀ ਹਾਂ ਜੋ ਮੁੰਬਈ ਦੀ ਸਾਂਭ-ਸੰਭਾਲ ਕਰ ਸਕਦੇ ਹਾਂ ਤੇ ਅਸੀਂ ਹੀ ਇਸ ਦੇ ਅਸਲੀ ਮਾਲਕ ਵੀ ਹਾਂ, ਅਸੀਂ ਇੱਥੇ ਜੋ ਮਰਜੀ ਕਰਾਂਗੇ ਜਿਵੇਂ ਕੋਈ ਵਿਅਕਤੀ ਆਪਣੇ ਘਰ ਦਾ ਮਾਲਕ ਹੁੰਦਾ ਹੈ, ਉਹ ਉਸ ਨੂੰ ਚਾਹੇ ਤਾਂ ਬਿਗਾੜ ਦੇਵੇ ਚਾਹੇ ਤਾਂ ਉਸ ਨੂੰ ਸੰਵਾਰ ਦੇਵੇ। ਇਸੇ ਤਰ੍ਹਾਂ ਦਾ ਹੀ ਵਰਤਾਰਾ ਬਾਲ ਠਾਕਰੇ ਅਤੇ ਉਸ ਦੇ ਦੋਵੇਂ ਪੁੱਤਰ ਮੁੰਬਈ 'ਚ ਕਰ ਰਹੇ ਹਨ। ਆਏ ਦਿਨ ਇਨ੍ਹਾਂ ਦਾ ਕੋਈ ਨਾ ਕੋਈ ਨਵਾਂ ਬਖੇੜਾ ਮੁੰਬਈ ਵਿੱਚ ਚੱਲਦਾ ਹੀ ਰਹਿੰਦਾ ਹੈ। ਹੁਣ ਜੋ ਤਾਜ਼ਾ ਰੌਲਾ ਇਨ੍ਹਾਂ ਨੇ ਪਾਇਆ ਹੋਇਆ ਹੈ ਉਹ ਇੱਕ ਤਾਂ ਸ਼ਾਹਰੁਖ ਖਾਨ ਦਾ ਬਿਆਨ ਕਿ ਉਹ ਪਾਕਿਸਤਾਨੀ ਖਿਡਾਰੀਆਂ ਨੂੰ ਆਈ. ਪੀ. ਐਲ. 'ਚ ਖਿਡਾਉਣ ਨੂੰ ਲੈ ਕੇ ਦਿੱਤਾ ਤੇ ਆਪਣੇ ਅਖ਼ਬਾਰ 'ਚ ਇੱਕ ਲੇਖ ਛਾਪਿਆ ਕਿ ਸ਼ਾਹਰੁਖ ਬੇਸ਼ਰਮ ਹੈ, ਉਹ ਗੁਣ ਤਾਂ ਪਾਕਿਸਤਾਨ ਦੇ ਗਾਉਂਦਾ ਹੈ, ਪਰ ਮਨਦਾ ਆਪਣੇ ਆਪ ਨੂੰ ਭਾਰਤੀ ਹੈ ਤੇ ਦੂਸਰਾ ਰਾਹੁਲ ਗਾਂਧੀ ਦੇ ਬਿਆਨ ਜੋ ਕਿ ਮੁੰਬਈ ਹਮਲੇ ਦੌਰਾਨ ਭਾਰਤੀ ਸੈਨਿਕਾਂ ਦੀ ਕਾਰਵਾਈ ਨੂੰ ਲੈ ਕੇ ਕਿ ਉਹ ਸੈਨਿਕ ਮੁੰਬਈ ਜਾਂ ਮਰਾਠੀ ਭਾਸ਼ਾ ਨਾਲ ਕੋਈ ਤਾਲੁਕਾਤ ਨਹੀਂ ਰੱਖਦੇ ਸਨ ਉਹ ਤਾਂ ਬਿਹਾਰ, ਉੱਤਰ, ਯੂ. ਪੀ. ਅਤੇ ਹੋਰ ਸੂਬਿਆਂ ਤੋਂ ਸਨ। ਨਾਲ ਠਾਕਰੇ ਪਰਿਵਾਰ ਬੌਖਲਾ ਗਿਆ ਹੈ ਅਤੇ ਆਪਣਾ ਆਪਾ ਖੋਹ ਬੈਠਾ ਹੈ ਜਿਸ ਨਾਲ ਉਹ ਅਟਪਟੇ ਬਿਆਨ ਦੇ ਰਹ ਹਨ ਤੇ ਸੌੜੀ ਸਿਆਸਤ ਦੀ ਖੇਡ ਨੂੰ ਗਰਮਾ ਕੇ ਰਾਜਨੀਤੀ ਨਾਲ ਖੇਡ ਰਹੇ ਹਨ। 'ਬਾਲ ਠਾਕਰੇ ਆਪਣੇ ਸਾਮਨਾ 'ਚ ਸਿਆਸਤ 'ਤੇ ਆਪਣੇ ਲੇਖ ਰਾਹੀਂ ਵਿਅੰਗ ਕੱਸਦੇ ਹਨ ਤੇ ਉਨ੍ਹਾਂ ਦੇ ਪੁੱਤਰ ਆਪਣੇ ਵਰਕਰਾਂ ਨੂੰ ਭੜਕਾਊ ਬਿਆਨ ਦਿੰਦੇ ਹਨ ਤੇ ਉਹ ਸੜਕਾਂ 'ਤੇ ਹੰਗਾਮਾ ਮਚਾਉਂਦੇ ਹਨ ਤੇ ਉਥੋਂ ਦੀ ਆਮ ਜਨਤਾ ਨੂੰ ਪ੍ਰੇਸ਼ਾਨ ਕਰਦੇ ਹਨ ਤੇ ਆਮ ਜਨ ਜੀਵਨ ਨੂੰ ਗੜਬੜਾ ਦਿੰਦੇ ਹਨ।' ਅੱਜ ਮੁੰਬਈ ਦੀਆਂ ਸੜਕਾਂ 'ਤੇ ਸ਼ਿਵ ਸੈਨਿਕ ਆਪਣੇ ਆਕਾ ਦੇ ਹੁਕਮ ਨੂੰ ਪੂਰਾ ਕਰਨ ਲਈ ਹਰ ਉਸ ਨੂੰ ਜੋ ਮੁੰਬਈ ਤੋਂ ਬਾਹਾਰਦਾ ਹੈ ਬੇਤਹਾਸ਼ਾ ਨਾਲ ਕੁੱਟ ਮਾਰ ਰਹੇ ਹਨ ਤੇ ਸ਼ਰ੍ਹੇਆਮ ਗੁੰਡਾਗਰਦੀ ਹੈ ਨਜ਼ਰ ਆਉਂਦੇ ਹਨ। ਕੀ ਸਾਡਾ ਕਾਨੂੰਨ ਏਨਾ ਕਮਜ਼ੋਰ ਹੈ ਕਿ ਉਹ ਸਭ ਇਸ ਨੂੰ ਦੇਖਣ ਤੋਂ ਸਿਵਾਏ ਕੁਝ ਨਹੀਂ ਕਰ ਸਕਦਾ? ਕੀ ਸਾਡਾ ਪ੍ਰਸਾਸ਼ਨ ਇਸ ਸਭ ਦੀ ਆਗਿਆ ਦਿੰਦਾ ਹੈ ਕਿ ਤੁਸੀਂ ਆਪਣੀ ਮਰਜ਼ੀ ਨਾਲ ਆਪਣੇ ਸੂਬੇ ਵਿੱਚ ਇਸ ਤਰ੍ਹਾਂ ਨਾਲ ਗੁੰਡਾਗਰਦੀ ਕਰੋ? ਸ਼ਾਇਦ ਨਹੀਂ, ਫਿਰ ਕਿਉਂ, ਇਹ ਗੁੰਡਾਗਰਦੀ? ਅੱਜ ਇਹ ਬਾਲ ਠਾਕਰੇ ਪਰਿਵਾਰ ਮੁੰਬਈ ਨੂੰ ਵੀ ਅਲੱਗ ਕਰਨ ਦਾ ਮੁੱਦਾ ਉਠਾ ਰਹੇ ਹਨ, ਪਹਿਲਾਂ ਤੇਲੰਗਾਨਾ ਮੁੰਬਈ ਮੁੰਬਈ, ਫਿਰ ਕੋਈ ਹੋਰ ਤੇ ਫਿਰ ਕੋਈ ਹੋਰ ਕੀ ਇਸ ਤਰ੍ਹਾਂ ਆਪਣਾ ਸੂਬਾ ਅਲੱਗ ਕਰਨਾ। ਭਾਰਤ ਦੇ ਟੁੱਕੜੇ ਟੁੱਕੜੇ ਕਰਨ ਨਾਲ ਕੀ ਸਾਡਾ ਮਸਲਾ ਹੱਲ ਹੋ ਸਕਦਾ ਹੈ? ਮੁੰਬਈ ਦੇਸ਼ ਦਾ ਇੱਕ ਅਹਿਮ ਸੂਬਾ ਹੈ, ਜਿੱਥੇ ਭਾਰਤ ਦੀ ਕਾਫ਼ੀ ਇੰਡਸਟਰੀ ਹੈ, ਇਸ ਨੂੰ ਠਾਕਰੇ ਪਰਿਵਾਰ ਨੇ ਨਹੀਂ ਬਣਾਇਆ ਜਿਸ ਨੂੰ ਉਹ ਅੱਜ ਮੰਗ ਰਹੇ ਹਨ ਇਸ ਨੂੰ ਬਹੁਤ ਸਾਰੇ ਉੱਤਰ ਭਾਰਤੀਆਂ ਨੇ ਬਾਹਰੋ ਆ ਕੇ ਹੀ ਵਿਕਸਿਤ ਕੀਤਾ ਹੈ। ਅੱਜ ਉਨ੍ਹਾਂ ਨੂੰ ਹੀ ਇਸ ਤੋਂ ਬੇਘਰ ਕਰਨ ਮੁੰਬਈ ਤੋਂ ਬਾਹਰ ਦਾ ਰਸਤਾ ਇਹ ਇਹ ਸ਼ਿਵ ਸੈਨਿਕ ਦਿਖਾ ਰਹੇ ਹਨ। ਠਾਕਰੇ ਪਰਿਵਾਰ ਦੀ ਅਗਵਾਈ ਵਾਲੀ ਸ਼ਿਵ ਸੈਨਿਕ ਸ਼ਰੇਆਮ ਸੜਕਾਂ 'ਤੇ ਲੋਕਾਂ ਨੂੰ ਡਰਾ ਧਮਕਾ ਰਹੀ ਹੈ। ਬਾਲ ਠਾਕਰੇ ਆਪਣੇ ਅਖ਼ਬਾਰ ਸਾਮਨਾ 'ਚ ਸ਼ਰ੍ਹੇਆਮ ਧਮਕੀਆਂ ਭਰੇ ਆਟਰੀਕਲ ਲਿਖਦਾ ਹੈ ਤੇ ਉਸ ਵਿਰੁੱਧ ਕਦੇ ਕੋਈ ਕਾਰਵਾਈ ਨਹੀਂ ਹੋਈ ਪਰ ਹੁਣ ਸ਼ਾਇਦ ਸਰਕਾਰ ਨੀਂਦ ਤੋਂ ਜਾਗੀ ਹੈ ਤੇ ਉਸ ਨੇ ਉਹ ਸਾਰੇ ਆਰਟੀਕਲ ਇਕੱਠੇ ਕਰਨੇ ਸ਼ੁਰੂ ਕੀਤੇ ਹਨ। ਬੀਤੇ ਬੁੱਧਵਾਰ ਨੂੰ ਸਾਮਨਾ 'ਚ ਛਪੇ ਇੱਕ ਲੇਖ 'ਚ ਕਿਹਾ ਗਿਆ ਸੀ ਕਿ ਮੁੰਬਈ ਸਿਰਫ਼ ਮਰਾਠੀਆਂ ਦੀ ਹੈ, ਜੋ ਇਸ ਸੱਚ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਹਥਿਆਰਾਂ ਦਾ ਸਾਹਮਣਾ ਕਰਨਾ ਪਵੇਗਾ। ਸਾਮਨਾ 'ਚ ਛਪੇ ਇਸ ਲੇਖ ਤੋਂ ਪੈਦਾ ਹੋਏ ਵਿਵਾਦ ਦੇ ਚੱਲਦੇ ਮਹਾਂਰਾਸ਼ਟਰ ਸਰਕਾਰ ਨੇ ਗ੍ਰਹਿਮੰਤਰਾਲਾ ਨੇ ਅਖ਼ਬਾਰ ਦੇ ਖਿਲਾਫ਼ ਕਾਰਵਾਈ ਕਰਨ ਦੀ ਸਲਾਹ ਮੰਗੀ ਸੀ।

ਇਸ 'ਤੇ ਸਾਮਨਾ ਦੇ ਸੰਪਾਦਕ ਸੰਜੇ ਰਾਉਤ ਨੇ ਕਿਹਾ ਸੀ ਕਿ ਸਾਨੂੰ ਕਾਰਵਾਈ ਤੋਂ ਫਰਕ ਨਹੀਂ ਪੈਂਦਾ। ਮੇਰੇ 'ਤੇ ਪਹਿਲਾਂ ਹੀ ਕਈ ਕੇਸ ਚੱਲ ਰਹੇ ਹਨ ਇੱਕ ਅੱਧਾ ਹੋਰ ਚੱਲ ਜਾਊਗਾ ਤਾਂ ਕਿ ਉਥੇ ਫ਼ਰਕ ਪੈਂਦਾ। ਗ੍ਰਹਿ ਮੰਤਰਾਲੇ ਨੇ ਕਾਰਵਾਈ ਦੀ ਮੰਗ ਤਾਂ ਕਰ ਲਈ ਪਰ ਕੀ ਪਤਾ ਇਹ ਵੀ ਇੱਕ ਸੌੜੀ ਸਿਆਸਤ ਦੀ ਹੀ ਕੋਝੀ ਖੇਡ ਹੈ ਲੇਖ ਇਕੱਠੇ ਕਰਕੇ ਰੱਖ ਲਏ ਜਾਣ ਤੇ ਕੋਈ ਕਾਰਵਾਈ ਵੀ ਨਾ ਹੋਵੇ। ਮਹਾਂਰਾਸ਼ਟਰ ਭਾਰਤੀਆ ਦਾ ਜਾਂ ਮਾਰਠੀਆਂ ਦਾ ਇਸ ਵਿਵਾਦ 'ਚ ਤਾਮਿਲਨਾਡੂ ਦੇ ਮੁੱਖ ਮੰਤਰੀ ਦਾ ਵੀ ਵਿਚਾਰ ਆਇਆ ਸੀ ਕਿ ਸ਼ਿਵ ਸੈਨਾ ਦੇ ਰੁੱਖ ਦਾ ਮਹਾਂਰਾਸ਼ਟਰ 'ਚ ਵੀ ਰਹਿੰਦੇ ਲੋਕ ਦਾ ਸਮਰਥਨ ਨਹੀਂ ਹੈ। ਉਨ੍ਹਾਂ ਨੇ ਸ਼ਿਵ ਸੈਨਾ ਦੇ ਇਸ ਦਾਅਵੇ ਨੂੰ ਵੀ ਪੂਰੀ ਤਰ੍ਹਾਂ ਖਾਰਿਜ ਕੀਤਾ ਕਿ ਦੱਖਣੀ ਭਾਰਤ 'ਚ ਲੋਕ ਹਿੰਦੀ ਵਿਰੋਧੀ ਹਨ। ਮਹਾਂਰਾਸ਼ਟਰ ਵੀ ਉਦੈ ਠਾਕਰੇ ਦੇ ਰਵੱਈਏ ਨੂੰ ਉੱਥੇ ਦੇ ਲੋਕਾਂ ਦਾ ਵੀ ਕੋਈ ਸਮਰਥਨ ਨਹੀਂ। ਉਹ ਤਾਂ ਬੱਸ ਕੁਝ ਸ਼ਿਵ ਸੈਨਾ ਦੇ ਵਰਕਰ ਹੀ ਮੰਨਦੇ ਹਨ। ਸੰਘ ਨੇ ਸ਼ਿਵ ਸੈਨਾ ਨੇ ਮਹਾਂਰਾਸ਼ਟਰ 'ਤੇ ਦਿੱਤੇ ਬਿਆਨ 'ਤੇ ਵਾਰ ਕਰਦੇ ਹੋਏ ਕਿਹਾ ਸੀ ਕਿ ਮੁੰਬਈ ਪੂਰੇ ਭਾਰਤੀਆਂ ਲਈ ਹੈ। ਉਨ੍ਹਾਂ ਨੇ ਉਥੇ ਕਿਹਾ ਸੀ ਕਿ ਕੋਈ ਵੀ ਰਾਜਨੀਤਕ ਦਲ ਏਨਾ ਕਠੋਰ ਨਹੀਂ ਜੋ ਏਨੀ ਭੈੜੀ ਮਾਨਸਿਕਤਾ ਰੱਖਦਾ ਹੋਵੇ ਜੋ ਆਪਣੇ ਲੋਕਾਂ ਨੂੰ ਆਪਣੇ ਹੀ ਪ੍ਰਦੇਸ਼ ਦੀ ਭਾਸ਼ਾ ਬੋਲਣ ਤੋਂ ਇਲਾਵਾ ਹੋਰ ਭਾਸ਼ਾ ਬੋਲਣ ਤੋਂ ਰੋਕਦੀ ਹੈ। 1960 'ਚ ਕਰੁਣਾਨਿਧੀ ਦੀ ਡੀ. ਐਮ. ਕੇ. ਸਮੇਤ ਹੋਰ ਪਾਰਟੀਆਂ ਦੇ ਹਿੰਦੀ ਵਿਰੋਧੀ ਅਭਿਆਨ ਇੱਕ ਵੱਡਾ ਮੁੱਦਾ ਹੋਇਆ ਕਰਦਾ ਸੀ, ਪਰ ਹਾਲ 'ਚ ਇਸ ਤੋਂ ਉਪਰ ਉੱਠੇ ਹਨ। ਇੱਕ ਗੱਲ ਹੋਰ ਸੋਚਣ ਵਾਲੀ ਹੈ ਕਿ ਆਖਿਰ ਕਿਉਂ ਠਾਕਰੇ ਪਰਿਵਾਰ ਏਨਾ ਭੜਕਾਊ ਕਿਉਂ ਹੋ ਜਾਂਦਾ ਹੈ ਕੀ ਉਨ੍ਹਾਂ ਵਿੱਚ ਸ਼ਹਿਣਸ਼ਕਤੀ ਦੀ ਕਮੀ ਹੈ ਜਾਂ ਫਿਰ ਆਪਣੇ ਆਪ ਨੂੰ ਟੀ. ਵੀ., ਅਖ਼ਬਾਰਾਂ ਦੀਆਂ ਸੁਰਖੀਆਂ ਬਨਣਾ ਬਹੁਤ ਪਸੰਦ ਹੈ। ਇਸ ਵਿਸ਼ੇ 'ਤੇ ਸ੍ਰੀ ਰਵੀਸ਼ੰਕਰ ਦਾ ਕਹਿਣਾ ਹੈ ਕਿ ਇਨ੍ਹਾਂ 'ਆਰਟ ਆਫ਼ ਲਿਵਿੰਗ' ਜ਼ਰੂਰ ਕਰਨਾ ਚਾਹੀਦਾ ਹੈ ਇਸ ਨਾਲ ਮਨ ਸ਼ਾਂਤ ਰਹਿੰਦਾ ਹੈ ਅਤੇ ਆਪਣੇ ਗੁੱਸੇ ਨੂੰ ਕਾਬੂ ਕਰਨ 'ਚ ਮਦਦ ਮਿਲਦੀ ਹੈ। ਸ੍ਰੀ ਸ੍ਰੀ ਰਵੀਸ਼ੰਕਰ ਦਾ ਕਹਿਣਾ ਹੈ ਕਿ ਦੇਸ਼ ਦੀ ਏਕਤਾ ਹੀ ਉਨ੍ਹਾਂ ਦੀ ਸ਼ਾਂਤੀ ਹੈ।

ਰਾਹੁਲ ਗਾਂਧੀ ਦੇ ਏਨੇ ਦੁਸ਼ਮਣ ਹੋ ਗਏ। ਆਖਿਰ ਕੀ ਕਹਿ ਦਿੱਤਾ ਰਾਹੁਲ ਨੇ, ਜੋ ਸ਼ਿਵ ਸੈਨਾ ਉਸ ਦਾ ਮੁੰਬਈ ਵਿੱਚ ਦੌਰੇ ਦਾ ਵਿਰੋਧ ਕਰ ਰਹੀ ਸੀ। ਸਿਰਫ਼ ਏਨਾ ਜੋ ਸਾਡੇ ਸੰਵਿਧਾਨ 'ਚ ਲਿਖਿਆ ਹੈ ਕਿ ਹਰੇਕ ਭਾਰਤੀ ਦੇਸ਼ 'ਚ ਕਿਤੇ ਵੀ ਜਾ ਸਕਦਾ ਹੈ ਅਤੇ ਰਹਿ ਸਕਦਾ ਹੈ। ਇਸ ਦਾ ਜਵਾਬ ਰਾਹੁਲ ਨੇ ਕੁਝ ਇਸ ਤਰ੍ਹਾਂ ਦਿੱਤਾ ਇਸ ਤੋਂ ਬਾਲ ਠਾਕਰੇ ਨੂੰ ਸਮਝ ਲੈਣਾ ਚਾਹੀਦਾ ਸੀ ਕਿ ਮਰਾਠੀਆਂ ਲਈ ਵੀ ਪੂਰੇ ਦੇਸ਼ 'ਚ ਮਾਨ ਸਤਿਕਾਰ ਹੈ ਤੇ ਮੁੰਬਈ ਵਿੱਚ ਉੱਤਰੀ ਭਾਰਤ ਤੋਂ ਆਉਣ ਵਾਲੇ ਭਾਰਤੀਆਂ ਲਈ ਪੂਰਾ ਮਾਨ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਨੇ ਮਹਾਂਰਾਸ਼ਟਰ ਦੇ ਨੌਜਵਾਨ ਨੇਤਾ ਰਾਜੀਵ ਸਾਤਵ ਨੂੰ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ। ਰਾਜੀਵ ਦੇ ਪ੍ਰਧਾਨ ਬਨਣ ਨਾਲ ਮਹਾਂਰਾਸ਼ਟਰ 'ਚ ਇਹ ਸੰਦੇਸ਼ ਗਿਆ ਕਿ ਮਰਾਠੀ ਮਨੁੱਖ ਲਈ ਦੇਸ਼ 'ਚ ਵੀ ਬਹੁਤ ਵੱਡੀ ਜਗ੍ਹਾ ਹੈ। ਰਾਹੁਲ ਨੇ ਬਿਹਾਰ ਅਤੇ ਯੂ. ਪੀ. ਦੇ ਲੋਕਾਂ ਦੇ ਵਿਰੋਧ 'ਚ ਇਹ ਪਹਿਲੀ ਵਾਰ ਆਵਾਜ਼ ਨਹੀਂ ਉਠਾਈ। ਉਨ੍ਹਾਂ ਨੇ ਪਿਛਲੇ ਸਾਲ ਦੇ ਆਪਣੇ ਉਤਰਾਖੰਡ ਦੌਰੇ 'ਚ ਸ੍ਰੀਨਗਰ 'ਚ ਸਟੂਡੈਂਟਾਂ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਰਾਜ ਠਾਕਰੇ ਵਿਭਾਜਨ ਦੀ ਰਾਜਨੀਤੀ ਕਰ ਰਹੇ ਹਨ। ਉਸ ਸਮੇਂ ਰਾਜ ਦੀ ਐਮ. ਐਨ. ਐਸ. ਬਾਹਰੀਆਂ 'ਤੇ ਹਮਲੇ ਕਰ ਰਹੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਕਾਨਪੁਰ 'ਚ ਕਿਹਾ ਸੀ ਕਿ ਦੇਸ਼ ਦੇ ਵਿਅਕਤੀ ਨੂੰ ਕਿਤੇ ਵੀ ਜਾਣ ਦਾ ਪੂਰਾ ਅਧਿਕਾਰ ਹੈ। ਬਾਲ ਠਾਕਰੇ ਮੁੰਬਈ ਖਿਲਾਫ਼ ਕਿਉਂ ਏਨਾ ਜ਼ਲਾਮਾਨਾ ਰਵੱਈਆ ਅਪਣਾ ਰਹੇ ਹਨ। ਕੀ ਮੁੰਬਈ 'ਚ ਸਿਰਫ਼ ਉਹ ਹੀ ਲੋਕ ਰਹਿ ਸਕਦੇ ਹਨ ਜੋ ਮੁੰਬਈ ਦੇ ਜੰਮਪਲ ਹਨ, ਕਿਉਂ ਨਹੀਂ ਬਾਹਰੋਂ ਆ ਕੇ ਨਾ ਤਾਂ ਉਥੇ ਰਿਹਾ ਜਾ ਸਕਦਾ ਹੈ ਅਤੇ ਨਾ ਹੀ ਉਥੇ ਕੰਮ ਕੀਤਾ ਜਾ ਸਕਦਾ ਹੈ। ਕੀ ਮੁੰਬਈ ਭਾਰਤ ਦਾ ਹਿੱਸਾ ਨਹੀਂ। ਸ਼ਾਇਦ ਇਹ ਸਵਾਲ ਉਨ੍ਹਾਂ ਚਿਰ ਬਣੇ ਹੀ ਰਹਿਣਗੇ, ਜਿੰਨਾਂ ਚਿਰ ਬਾਲ ਠਾਕਰੇ ਵਰਗੇ ਸਖ਼ਤ ਰਵੱਈਏ ਵਾਲੇ ਲੋਕ ਆਪਣੀ ਇਸ ਸੌੜੀ ਰਾਜਨੀਤੀ ਤੋਂ ਲਾਂਭੇ ਨਹੀਂ ਹੁੰਦੇ।

# ਖੇਡਾਂ ਚੌਂਕੀਮਾਨ ਦੀਆਂ 7 ਤੋਂ

ਚੌਂਕੀਮਾਨ, 5 ਫਰਵਰੀ (ਪੱਤਰ ਪ੍ਰੇਰਕ)-ਚੌਂਕੀਮਾਨ ਵਿੱਚ 7ਵਾਂ ਸ਼ਾਨਦਾਰ ਕਬੱਡੀ ਟੂਰਨਾਮੈਂਟ 7, 8,9 ਫਰਵਰੀ 10 ਦਿਨ ਐਤਵਾਰ ਨੂੰ ਸ਼ੁਰੂ ਹੋ ਰਹੀਆਂ ਹਨ। 7 ਫਰਵਰੀ ਨੂੰ ਕੁੱਤਿਆਂ ਦੀਆਂ ਦੌੜਾਂ, 8 ਫਰਵਰੀ ਨੂੰਕਬੱਡੀ ਓਪਨ 57, 70 ਕਿੱਲੋ ਪਿੰਡ ਵਾਰ, 9 ਫਰਵਰੀ ਨੂੰ ਕਬੱਡੀ ਓਪਨ ਦੇ ਮੈਚ ਹੋਣਗੇ ਅਤੇ ਇਨਾਮਾਂ ਦੀ ਵੰਡ ਅਜਮੇਰ ਸਿੰਘ ਲੱਖੋਵਾਲ ਚੇਅਰਮੈਨ ਮੰਡੀਕਰਨ ਬੋਰਡ ਅਤੇ ਮਨਪ੍ਰੀਤ ਸਿੰਘ ਇਯਾਲੀ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਸ਼ਾਮ ਦੇ ਟਾਈਮ ਕਰਨਗੇ। ਉਚੇਚੇ ਤੌਰ 'ਤੇ ਐਨ.ਆਰ.ਆਈ. ਵੀਰ ਵੀ ਖੇਡਾਂ 'ਤੇ ਪਹੁੰਚ ਰਹੇ ਹਨ।

# ਸੰਗਰੂਰ ਦੇ ਕੌਂਸਲਰ ਵਿਰੁੱਧ ਪਰਚਾ ਦਰਜ

ਸੰਗਰੂਰ, 5 ਫਰਵਰੀ (ਅਵਤਾਰ ਸਿੰਘ ਛਾਜਲੀ)-ਸੰਗਰੂਰ ਦੇ ਨਗਰ ਕੌਂਸਲਰ ਦਰਸ਼ਨ ਹਾਗੜਾ ਖਿਲਾਫ ਪੁਲਿਸ ਨੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਵਰਨਣਯੋਗ ਹੈ ਕਿ ਪਿਛਲੇ ਦਿਨੀਂ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਜਣੇਪੇ ਦੌਰਾਨ ਇੱਕ ਔਰਤ ਦੀ ਹੋਈ ਮੌਤ ਪਿੱਛੋ ਹੋਏ ਕਥਿਤ ਲੈਣ ਦੇਣ ਸਮੇਂ ਕਾਗਜ਼ਾਂ ਉਤੇ ਪੈਸੇ ਹੜੱਪਣ ਦਾ ਦੋਸ਼ ਲੱਗਿਆ ਸੀ। ਉਸ ਕੇਸ ਦੀ ਪੜਤਾਲ ਐੱਸ.ਪੀ. (ਡੀ) ਸ੍ਰੀ ਜਗਤਾਰ ਸਿੰਘ ਵੱਲੋਂ ਕੀਤੀ ਗਈ ਸੀ। ਉਸ ਪੜਤਾਲ ਦੀ ਰਿਪੋਰਟ ਦੇ ਆਧਾਰ 'ਤੇ ਸੰਗਰੂਰ ਸਿਟੀ ਥਾਣੇ ਵਿਖੇ ਦਰਸ਼ਨ ਸਿੰਘ ਕਾਂਗੜਾ ਖਿਲਾਫ ਆਈ.ਪੀ.ਸੀ. ਦੀ ਧਾਰਾ 420, 406 ਤਹਿਤ ਕੇਸ ਦਰਜ ਕਰ ਲਿਆ ਗਿਆ।